Exam.Code:5111
Sub. Code: 14261

2125

B. Com (Tax Planning and Management) FYUP
First Semester
Punjabi
Punjabi Kavita Ate Viharak Punjabi

Time allowed: 3 Hours | Max. Marks: 45

x-x-x

ਨੋਟ 1. ਯੂਨਿਟ ਪਹਿਲਾ ਦੇ ਚਾਰ ਭਾਗ ਹਨ ਅਤੇ 30 ਅੰਕ ਹਨ।

2. ਯੂਨਿਟ ਦੂਜਾ ਦੇ ਤਿੰਨ ਭਾਗ ਅਤੇ ਕੁੱਲ 15 ਅੰਕ ਹਨ।

## ਯੂਨਿਟ ਪਹਿਲਾ

ਪ੍ਰਸ਼ਨ 1. ਹੇਠ ਲਿਖਿਆਂ ਵਿਚੋਂ ਕਿਸੇ ਇਕ ਕਾਵਿ ਟੁਕੜੀ ਦੀ ਪ੍ਰਸੰਗ ਸਾਹਿਤ ਵਿਆਖਿਆ ਕਰੋ :

(ੳ) ਗੱਲਾਂ ਨਾਲ ਕੀ ਪਿਆ ਪ੍ਰਚਾਉਂਦਾ ਏ,
ਉਸ ਦੇ ਪਿਆਰ ਨੂੰ ਅਸਾਂ ਪਰਤਾ ਲਿਆ ਹੈ ,
ਮਾਰੇ ਕੁਬਜਾਂ ਦੀ ਹਿੱਕੇ ਇਹ ਗਯਾਨ ਗੋਲੀ,
ਬੂਹੇ ਵੜਦਿਆਂ ਜਿਹਨੇ ਭਰਮਾ ਲਿਆ ਹੈ।
ਊਧੋ! ਕੋਰਤੁ ਮੋਠ ਵਿਚ ਮੋਹ ਪਾ ਕੇ,
ਅਸਾਂ ਆਪਣਾ ਆਪ ਗੁਆ ਲਿਆ ਹੈ।

(ਅ) ਇਹਦੇ ਪਿਆਰ ਦੀ ਦੁਨੀਆਂ ਪਿਆਰੀ ਏ
ਕਿਤੇ ਹੁਸਨ ਨੇ ਚੋਗ ਖਿਲਾਰੀ ਏ
ਕਿਤੇ ਫਾਹੀ ਇਸ਼ਕ ਸਵਾਰੀ ਏ
ਕਿਤੇ 'ਰਾਂਝੇ' ਨੇ ਕਿਤੇ 'ਹੀਰਾਂ' ਨੇ
ਕੇਹੀਆਂ ਲਿਖੀਆਂ ਰੱਬ ਤਕਦੀਰਾਂ ਨੇ 8X1=8

ਪ੍ਰਸ਼ਨ 2. ਹੇਠ ਲਿਖਿਆਂ ਵਿਚੋਂ ਕਿਸੇ ਇਕ ਕਵਿਤਾ ਦਾ ਸਾਰ ਲਿਖੋ:

(ੳ) ਕੰਬਦੀ ਕਲਾਈ

(ਅ) ਕੀ ਪੁੱਛਦਿਉਂ ਹਾਲ ਫ਼ਕੀਰਾਂ ਦਾ 10X1=10

ਪ੍ਰਸ਼ਨ 3. (ੳ) 'ਹਵਾ ਦਾ ਜੀਵਨ' ਕਵਿਤਾ ਦਾ ਕੇਂਦਰੀ ਭਾਵ ਲਿਖੋ।

ਜਾਂ

(ਅ) ਸੁਰਜੀਤ ਪਾਤਰ ਦੇ ਜੀਵਨ ਅਤੇ ਰਚਨਾ ਉੱਪਰ ਨੋਟ ਲਿਖੋ 7X1=7

ਪ੍ਰਸ਼ਨ 4. ਹੇਠ ਲਿਖਿਆਂ ਵਿਚੋਂ ਕੋਈ ਪੰਜ ਸੁਆਲ ਕਰੋ। ਹਰ ਪ੍ਰਸ਼ਨ ਦਾ ਇਕ ਅੰਕ ਹੈ।

(ੳ) 'ਵਿਛੋੜਾ-ਵਸਲ' ਕਵਿਤਾ ਵਿਚ ਕੋਲੇ ਦਾ ਬਿੰਬ ਕਿਹਨਾਂ ਅਰਥਾਂ ਵਿਚ ਵਰਤਿਆ ਗਿਆ ਹੈ?

(ਅ) 'ਜਵਾਨ ਪੰਜਾਬ ਦੇ' ਕਵਿਤਾ ਵਿਚ ਕਵੀ ਪੰਜਾਬ ਦੇ ਗੱਭਰੂਆਂ ਨੂੰ ਕਿਸ ਤਰਾਂ ਪੇਸ਼ ਕਰਦਾ ਹੈ?

(ੲ) ਨੰਦ ਲਾਲ ਨੂਰਪੁਰੀ ਦੇ ਦੋ ਕਾਵਿ ਸੰਗ੍ਰਿਹਾਂ ਦੇ ਨਾਂ ਦੱਸੋ।

(ਸ) ਧਨੀ ਰਾਮ ਚਾਤ੍ਰਿਕ ਨੇ 'ਇਨਸਾਨਸਤਾਨ' ਕਵਿਤਾ ਕਿਸ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਰਚੀ?

(ਹ) 'ਕੋਈ ਆਇਆ ਸਾਡੇ ਵਿਹੜੇ' ਕਵਿਤਾ ਵਿਚ ਆਏ ਸ਼ਬਦ 'ਲਸੇ' ਦਾ ਕੀ ਅਰਥ ਹੈ?

(ਕ) 'ਚੁੰਮ ਚੁੰਮ ਰੱਖੋ' ਕਵਿਤਾ ਕਿਸ ਬਾਰੇ ਹੈ?

(ਖ) 'ਉਦੋਂ ਵਾਰਸ ਸ਼ਾਹ ਨੂੰ' ਕਵਿਤਾ ਦਾ ਵਿਸ਼ਾ ਕੀ ਹੈ? 1X5=5

P.T.O.

ਯੂਨਿਟ ਦੂਜਾ

ਪ੍ਰਸ਼ਨ 5. ਹੇਠ ਲਿਖਿਆਂ ਵਿਚੋਂ ਕਿਸੇ ਇੱਕ ਵਿਸ਼ੇ ਉੱਪਰ ਇਸ਼ਤਿਹਾਰ ਲਿਖੋ:

(ੳ) ਗੁਰਦੁਆਰੇ ਲਈ ਗ੍ਰੰਥੀ ਦੀ ਲੋੜ (ਅ) ਬੈਂਕ ਵਿਚ ਸੁਰੱਖਿਆ ਕਰਮਚਾਰੀ ਦੀ ਲੋੜ 5X1=5

ਪ੍ਰਸ਼ਨ 6. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ ਉੱਪਰ ਪੈਰ੍ਹਾ ਰਚਨਾ ਕਰੋ:

(ੳ) ਮੋਬਾਈਲ ਤੇ ਵਿਦਿਆਰਥੀ ਵਰਗ (ਅ) ਭਾਰਤ ਸਰਕਾਰ ਦੀ ਅਗਨੀਵੀਰ ਸਕੀਮ 5X1=5

ਪ੍ਰਸ਼ਨ 7. ਹੇਠ ਲਿਖਿਆਂ ਵਿਚੋਂ ਕੋਈ ਪੰਜ ਅਖਾਣਾਂ/ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਉ :

ਨਾਲੇ ਚੋਰ ਨਾਲੇ ਚਤਰ, ਝੱਟ ਮੰਗਣੀ ਪੱਟ ਵਿਆਹ, ਉਲਟਾ ਚੋਰ ਕੋਤਵਾਲ ਨੂੰ ਡਾਂਟੇ, ਆਸਮਾਨ ਦੇ ਤਾਰੇ ਤੋੜਨਾ, ਸਾਹ ਸੁੱਕ ਜਾਣਾ, ਸਿਰੋਂ ਨੰਗੀ ਹੋਣਾ, ਕਲਮ ਦਾ ਧਨੀ 5X1=5

x-x-x